ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ,
ਫੋਨ ਨੰ-**0172-6541673**

**ਜ਼ਮੀਮਾਂ ਅਤੇ ਸ਼ੁੱਧੀ ਪੱਤਰ**

ਇਸ ਵਿਭਾਗ ਵੱਲੋ ਮਿਤੀ 20.11.2010 ਨੂੰ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਅਧੀਨ ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ ਵਿਸ਼ੇ ਦੀਆਂ ਅਸਾਮੀਆਂ ਵਿਗਿਆਪਨ (ਅਜੀਤ, ਹਿੰਦੁਸਤਾਨ ਟਾਇਮਜ਼, ਪੰਜਾਬ ਕੇਸਰੀ ਆਦਿ) ਰਾਹੀ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ।ਜਿਸ ਦੀ ਲਗਾਤਾਰਤਾ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਇਸ ਹਵਾਲਾ ਅਧੀਨ ਵਿਗਿਆਪਨ ਵਿੱਚ ਨਿਮਨ ਲਿੱਖਤ ਅਨੁਸਾਰ ਸ਼ੋਧਾ ਅਤੇ ਵਾਧੇ ਕਰਨ ਦਾ ਫੈਸਲਾ ਕੀਤਾ ਗਿਆ ਹੈ:-

1. ਸਾਇੰਸ ਮਾਸਟਰ/ਮਿਸਟ੍ਰੈਸ ਦੀ ਅਸਾਮੀ ਲਈ ਅਪਲਾਈ ਕਰਨ ਲਈ ਯੋਗਤਾ ਕੇਵਲ ਬੀ.ਐਸ.ਸੀ ਰੱਖੀ ਗਈ ਹੈ ਅਤੇ ਮੈਡੀਕਲ / ਨਾਨ ਮੈਡੀਕਲ ਦਾ ਕੋਈ ਭਿੰਨ ਭੇਦ ਨਹੀ ਰੱਖਿਆ ਜਾਵੇਗਾ।

2. ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਅਧਿਆਪਕਾਂ ਦੀਆਂ ਅਸਾਮੀਆਂ ਲਈ ਜਿਹਨ੍ਹਾਂ ਉਮੀਦਵਾਰਾਂ ਨੇ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਸ਼ੇ, ਗੈਜੂਏਸ਼ਨ ਪੱਧਰ ਤੇ ਚੋਣਵੇ ਵਿਸ਼ੇ ਵਜੋ ਨਹੀ ਪੜੇ, ਲੇਕਿਨ ਬੀ.ਐਡ ਵਿੱਚ ਇਹਨ੍ਹਾਂ ਵਿਸ਼ਿਆਂ ਦੇ ਅਧਿਆਪਨ ਨੂੰ ਇਕ ਵਿਸ਼ੇ ਵਜੋ ਪੜਿਆ ਹੋਵੇ ਅਤੇ ਸਬੰਧਤ ਵਿਸ਼ੇ ਵਿੱਚ ਐਸ.ਏ ਵੀ ਕੀਤੀ ਹੋਈ ਹੈ, ਕੇਵਲ ਅਜਿਹੇ ਉਮੀਦਵਾਰਾਂ ਨੂੰ ਚੋਣਵੇ ਵਿਸ਼ੇ ਦੀ ਸ਼ਰਤ ਤੋ ਛੋਟ ਦਿੱਤੀ ਜਾਵੇਗੀ।

3. NCTE ਦੇ (Recognition Norms and Procedure) Regulations issued from time to time ਅਨੁਸਾਰ ਜਨਰਲ ਕੈਟਾਗਿਰੀ ਦੇ ਉਮੀਦਵਾਰਾਂ ਲਈ ਅਪਲਾਈ ਕਰਨ ਲਈ ਗੈਜੂਏਸ਼ਨ ਵਿੱਚ 50 ਪ੍ਰਤੀਸ਼ਤ ਅੰਕਾਂ ਦੀ ਸ਼ਰਤ ਘਟਾਕੇ 45 ਪ੍ਰਤੀਸ਼ਤ ਕਰ ਦਿੱਤੀ ਗਈ ਹੈ ਅਤੇ ਅਨੁਸੂਚਿਤ ਜਾਤੀ / ਪਿਛੜੀ ਸ੍ਰੇਣੀਆਂ ਦੇ ਉਮੀਦਵਾਰਾਂ ਦੇ ਕੇਸ਼ ਵਿੱਚ 40 ਪ੍ਰਤੀਸ਼ਤ ਦੀ ਸ਼ਰਤ ਰੱਖੀ ਗਈ ਹੈ।

4. ਪੰਜਾਬੀ ਵਿਸ਼ੇ ਦੇ ਸਿਲੇਬਸ ਵਿੱਚ ਸ਼ੋਧ ਕੀਤੀ ਗਈ ਹੈ, ਜੋ ਕਿ ਵੈਬਸਾਇਟ ਤੇ ਉਪਲਬਧ ਹੈ।

5. ਇਸ ਤੋ ਇਲਾਵਾ ਇਹ ਵੀ ਸੂਚਿਤ ਕੀਤਾ ਜਾਦਾ ਹੈ ਕਿ ਸਾਇੰਸ ਅਤੇ ਮੈਥ ਵਿਸ਼ੇ ਦੇ ਅਸਾਮੀਆਂ ਦੀ ਗਿਣਤੀ ਹੇਠ ਲਿਖੇ ਹੋ ਗਈ ਹੈ :-

| ਲੜੀ ਨੰ | ਪੋਸਟ ਦਾ ਨਾਂ | ਪਹਿਲੀ ਦਿੱਤੀ ਪੋਸਟਾਂ ਦੀ ਗਿਣਤੀ | ਹੁਣ ਵੱਧੀ ਹੋਈ ਪੋਸਟਾਂ ਦੀ ਗਿਣਤੀ |
|---|---|---|---|
| 1 | **ਸਾਇੰਸ ਮਾਸਟਰ/ਮਿਸਟ੍ਰੈਸ** | **538** | **2238** |
| 2 | **ਮੈਥ ਮਾਸਟਰ/ਮਿਸਟ੍ਰੈਸ** | **476** | **1572** |

ਉਪਰੋਕਤ ਤੋ ਇਲਾਵਾ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਧੀਨ ਹਿੰਦੀ, ਸਾਇੰਸ, ਪੰਜਾਬੀ, ਮੈਥ ਅਤੇ ਅੰਗਰੇਜ਼ੀ ਵਿਸ਼ੇ ਦੀਆਂ 79-79 ਅਸਾਮੀਆਂ ਹਨ। ਉਹਨਾਂ ਦੀ ਭਰਤੀ ਵੀ ਇਸੇ ਵਿਗਿਆਪਨ ਅਨੁਸਾਰ ਇਸੇ ਟੈਸਟ/ਮੈਰਿਟ ਰਾਹੀ ਭਰੀਆਂ ਜਾਣੀਆਂ ਹਨ ਪਰ ਮੈਰਿਟ ਵੱਖ-ਵੱਖ ਹੋਵੇਗੀ। ਉਮੀਦਵਾਰ ਪ੍ਰੋਫਾਰਮੇ ਵਿੱਚ RMSA ਜਾਂ SSA ਲਈ ਜਾਂ ਦੋਨਾਂ ਲਈ ਆਪਣੀ ਸਹਿਮਤੀ ਦੇਣਗੇ। ਜੋ ਉਮੀਦਵਾਰ ਪਹਿਲਾ ਰਜਿਸ਼ਟ੍ਰੇਸ਼ਨ ਕਰ ਚੁਕੇ ਹਨ ਉਹ ਵੀ ਮਿਤੀ 10.12.2010 ਤੱਕ ਆਪਣੀ ਪਹਿਲੀ ਰਜਿਸ਼ਟ੍ਰੇਸ਼ਨ ਵਿੱਚ ਸ਼ੋਧ ਕਰਕੇ ਸਹਿਮਤੀ ਦੇ ਸਕਦੇ ਹਨ।

**ਸਟੇਟ ਪ੍ਰਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ**
**ਪੰਜਾਬ, ਚਡੀਗੜ੍ਹ**